

# ਲਾਲਾ ਲਾਜਪਤ ਰਾਏ

ਭਾਰਤ ਦੇ ਸੁਤੰਤਰਤਾ ਸਮਾਗਮ ਵਿੱਚ ਅਨੇਕਾਂ ਅਜਿਹੇ ਪੁਰਸ਼ਾਂ ਦਾ ਨਾਂ ਆਉਂਦੇ ਹੀ ਉਨ੍ਹਾਂ ਦੀ ਘਾਲਣਾ ਸਾਹਮਣੇ ਸਿਰ ਆਪ ਮੁਹਾਰੇ ਝੁੱਕ ਜਾਂਦਾ ਹੈ। 19 ਵੀਂ ਸਦੀ ਦੇ ਪਿਛਲੇ ਅੱਧ ਵਿੱਚ ਸਾਡੇ ਦੇਸ਼ ਵਿੱਚ ਨਵ-ਜਾਗਰਨ ਦੀ ਲਹਿਰ ਉੱਠੀ ਜੋ 20ਵੀਂ ਸਦੀ ਦੇ ਸ਼ੁਰੂ ਤੱਕ ਤੂਫ਼ਾਨ ਦਾ ਰੂਪ ਧਾਰਨ ਕਰ ਗਈ। ਇਸ ਲਹਿਰ ਨੂੰ ਤੂਫ਼ਾਨ ਦਾ ਰੂਪ ਦੇਣ ਵਾਲੇ ਮਹਾਂ ਪੁਰਸ਼ਾਂ ਵਿੱਚੋਂ ਲਾਲਾ ਲਾਜਪਤ ਰਾਏ ਦਾ ਨਾਂ ਪਹਿਲੀ ਕਤਾਰ ਵਿੱਚ ਆਉਂਦਾ ਹੈ। ਲਾਲਾ ਲਾਜਪਤ ਰਾਏ ਚੋਟੀ ਦੇ ਰਾਸ਼ਟਰ ਨਿਰਮਾਤਾ ਅਤੇ ਮੁਢਲੇ ਪੱਥ-ਪ੍ਰਦਰਸ਼ਕਾਂ ਵਿੱਚੋਂ ਸਨ ਜਿਨ੍ਹਾਂ ਨੇ ਪੰਜਾਬ ਵਿੱਚ ਨਵ-ਜਾਗਰਨ ਦੀ ਨੀਂਹ ਰੱਖੀ। ਉਨ੍ਹਾਂ ਨੂੰ 'ਪੰਜਾਬ ਕੇਸਰੀ' ਵੀ ਕਿਹਾ ਜਾਂਦਾ ਹੈ।

KINEMASTER

ਇਸ ਮਹਾਨ ਸਪੂਤ ਦਾ ਜਨਮ 1865 ਈ. ਨੂੰ ਪੰਜਾਬ ਦੇ ਮੋਗਾ ਜਿਲੇ ਦੇ ਪਿੰਡ ਢੁਡੀਕੇ ਵਿਖੇ ਇੱਕ ਸਾਧਾਰਨ ਪਰਿਵਾਰ ਵਿੱਚ ਹੋਇਆ। ਧਾਰਮਿਕ ਵਿਚਾਰ, ਵਿੱਦਿਆ ਅਤੇ ਦੇਸ਼ ਭਗਤੀ ਦੇ ਭਾਵ ਆਪ ਨੂੰ ਆਪਣੇ ਪਿਤਾ ਮੁਣਸ਼ੀ ਰਾਧੇ ਕ੍ਰਿਸ਼ਨ ਤੋਂ ਮਿਲੇ। ਗਰੀਬੀ ਕਾਰਨ ਆਪ ਵਿਧੀਪੂਰਵਕ ਪੜ੍ਹਾਈ ਨਾ ਕਰ ਸਕੇ ਫਿਰ ਵੀ ਆਪ ਨੇ ਮੈਟ੍ਰਿਕ ਅਤੇ ਵਕਾਲਤ ਦੀ ਪੜ੍ਹਾਈ ਕਰ ਲਈ। ਜ਼ਿਆਦਾਤਰ ਆਪ ਉਨ੍ਹਾਂ ਸਕੂਲਾਂ ਵਿੱਚ ਹੀ ਪੜ੍ਹੇ ਜਿੱਥੇ ਆਪ ਦੇ ਪਿਤਾ ਜੀ ਅਧਿਆਪਕ ਲੱਗੇ ਰਹੇ। ਵਿਦਿਆਰਥੀ ਜੀਵਨ ਵਿੱਚ ਹੀ ਆਪ ਦਾ ਵਿਆਹ ਰਾਧਾ ਦੇਵੀ ਨਾਲ ਹੋ ਗਿਆ।

Made with KINEMASTER

ਜਵਾਨੀ ਵਿੱਚ ਸਵਾਮੀ ਦਿਆਨੰਦ ਤੋਂ ਪ੍ਰਭਾਵਿਤ ਹੋ ਕੇ ਲਾਲਾ ਲਾਜਪਤ ਰਾਏ ਨੇ ਦੇਸ ਸੇਵਾ ਦਾ ਪ੍ਰਣ ਕੀਤਾ। ਦੇਸ਼ ਭਗਤੀ ਦਾ ਪਹਿਲਾ ਪਾਠ ਉਨ੍ਹਾਂ ਨੂੰ ਆਰੀਆ ਸਮਾਜ ਨੇ ਪੜ੍ਹਾਇਆ। ਸਾਲਾਂ ਤੀਕ ਆਰੀਆ ਸਮਾਜ ਉਨ੍ਹਾਂ ਦੀ ਕਰਮ ਭੂਮੀ ਬਣੀ ਰਹੀ। ਪਰ ਸਭ ਤੋਂ ਵਧੇਰੇ ਪ੍ਰਭਾਵ ਨਵੀਨ ਇਟਲੀ ਦੇ ਜਨਮਦਾਤਾ ਅਤੇ ਦੇਸ-ਭਗਤ ਮੈਜ਼ਨੀ ਬਾਰੇ ਸੁਣੇ ਲੈਕਚਰਾਂ ਦਾ ਹੋਇਆ। ਇਸ ਤੋਂ ਹੀ ਉਨ੍ਹਾਂ ਨੇ ਰਾਸ਼ਟਰ ਨਿਰਮਾਣ ਨੂੰ ਆਪਣਾ ਟੀਚਾ ਬਣਾ ਲਿਆ।

KINEMASTER

ਕਾਂਗਰਸ ਦੀ ਸਥਾਪਨਾ ਉਪਰੰਤ ਉਹ ਇਲਾਹਾਬਾਦ ਦੇ [illegible] ਸਮਾਗਮ ਵਿੱਚ ਸ਼ਾਮਲ ਹੋਏ। ਰਾਜਨੀਤਕ ਜੀਵਨ ਵਿੱਚ ਪ੍ਰਵੇਸ਼ ਦਾ ਇਹ ਉਨ੍ਹਾਂ ਦਾ ਪਹਿਲਾ ਕਦਮ ਸੀ। ਕਲਮ ਦੀ ਮਾਰ ਤੇਜ਼ ਹਥਿਆਰ ਤੋਂ ਵੀ ਵਧੇਰੇ ਮਾਰੂ ਹੁੰਦੀ ਹੈ । ਲਾਲਾ ਜੀ ਨੇ ਆਪਣੀ ਤੇਜ਼ ਹਥਿਆਰ ਅਰਥਾਤ ਕਲਮ ਦੀ ਵਰਤੋਂ ਕੀਤੀ। ਉਰਦੂ ਪੱਤਰਾਂ ਵਿੱਚ ਉਨ੍ਹਾਂ ਨੇ ਖੁੱਲ੍ਹੀਆਂ ਚਿੱਠੀਆਂ ਲਿਖੀਆਂ। **1904** ਵਿੱਚ ਵੀ ਜਦੋਂ ਆਪ ਗੋਖਲੇ ਨਾਲ ਕਾਂਗਰਸ ਦੇ ਡੈਪੂਟੇਸ਼ਨ ਵਿੱਚ ਵਲਾਇਤ ਗਏ, ਉੱਥੇ ਵੀ ਆਪ ਨੇ ਭਾਰਤ ਦੀਆਂ ਰਾਜਨੀਤਕ ਮੰਗਾਂ ਨੂੰ ਵਿਖਿਆਨਾਂ ਅਤੇ ਲੇਖਾਂ ਰਾਹੀਂ ਅੰਗਰੇਜ਼ਾਂ ਸਾਹਮਣੇ ਲਿਆਉਂਦਾ।

Made with KINEMASTER

1899 ਈ: ਵਿੱਚ ਲਾਰਡ ਕਰਜਨ ਭਾਰਤ ਦਾ ਵਾਇਸਰਾਏ ਬਣ ਕੇ ਆਇਆ। ਭਾਰਤੀ ਭਾਵਨਾਵਾਂ ਨੂੰ ਠੇਸ ਦੇ ਆਸੇ ਨਾਲ ਬੰਗਾਲ ਦਾ ਬਟਵਾਰਾ ਹਿੰਦੂ ਮੁਸਲਮਾਨਾਂ ਵਿੱਚ ਭੇਦ ਦੇ ਆਧਾਰਿਤ ਹੋਇਆ। ਇਸ ਬਟਵਾਰੇ ਨੇ ਚਿੰਗਾਰੀ ਦਾ ਕੰਮ ਕੀਤਾ। ਪੰਜਾਬ ਵਿੱਚ ਇਸ ਅੰਦੋਲਨ ਦੀ ਵਾਗਡੋਰ ਲਾਲਾ ਲਾਜਪਤ ਰਾਏ ਦੇ ਹੱਥ ਸੀ। ਕਿਸਾਨ ਅੰਦੋਲਨ ਦੀ ਪੈਰਵੀ ਕਰਦਿਆਂ ਲਾਲਾ ਲਾਜਪਤ ਰਾਏ ਅਤੇ ਅਜੀਤ ਸਿੰਘ ਨੂੰ ਦੇਸ ਨਿਕਾਲਾ ਦਿੱਤਾ ਗਿਆ।

Made with KINEMASTER

30 ਅਕਤੂਬਰ, 1928 ਨੂੰ ਗੁਲਾਮ ਭਾਰਤ ਦੀ ਕਿਸਮਤ ਦੇ ਫ਼ੈਸਲੇ ਲਈ ਅੰਗਰੇਜ਼ਾਂ ਨੇ ਸਾਈਮਨ ਦੀ ਪ੍ਰਧਾਨਗੀ ਹੇਠ ਇੱਕ ਕਮਿਸ਼ਨ ਲਾਹੌਰ ਭੇਜਿਆ। ਲਾਲਾ ਜੀ ਵਰਗਿਆਂ ਲਈ ਇਹ ਅਸਹਿ ਸੀ ਕਿ ਸੱਤ ਸਮੁੰਦਰੋਂ ਪਾਰੋਂ ਆ ਕੇ ਗੋਰੇ ਉਨ੍ਹਾਂ ਦੀ ਕਿਸਮਤ ਦੇ ਵਿਧਾਤਾ ਬਣਨ। ਲਾਲਾ ਜੀ ਨੇ ਕਾਲ਼ੀਆਂ ਝੰਡੀਆਂ ਨਾਲ ਜਲੂਸ ਕੱਢਿਆ ਅਤੇ 'ਸਾਈਮਨ ਗੋ ਬੈਕ' ਭਾਵ ਸਾਈਮਨ ਵਾਪਸ ਜਾਓ ਦੇ ਨਾਅਰੇ ਲਾਏ। ਨਤੀਜੇ ਵਜੋਂ ਆਪ ਪੁਲਿਸ ਦੀਆਂ ਡਾਂਗਾਂ ਦਾ ਸ਼ਿਕਾਰ ਹੋ ਗਏ। ਅੰਤ 17 ਨਵੰਬਰ, 1928 ਨੂੰ ਮਹਾਨ ਦੇਸ਼ ਭਗਤ ਅਜ਼ਾਦੀ ਦੀ ਸ਼ਮਾ ਵਿੱਚ ਭਸਮ ਹੋ ਗਿਆ।

Made with KINEMASTER

Made with KINEMASTER

ਲਾਲਾ ਲਾਜਪਤ ਰਾਏ ਸੱਚਮੁੱਚ ਆਜ਼ਾਦੀ ਦੇ ਪਰਵਾਨੇ ਸਨ। ਵਿਦਵਤਾ ਅਤੇ ਤਿਆਗ ਦੀ ਮਿਸਾਲ ਨਾਲ ਆਪ ਨੇ ਇੱਕ ਪਾਸੇ ਗੋਰਿਆਂ ਦੇ ਦਿਲਾਂ ਵਿੱਚ ਤਰਖੱਲੀ ਮਚਾਈ ਰੱਖੀ, ਦੂਸਰੇ ਪਾਸੇ ਆਪਣੀਆਂ ਲਿਖਤਾਂ ਅਤੇ ਭਾਸ਼ਣਾਂ ਰਾਹੀਂ ਭਾਰਤੀ ਨੌਜਵਾਨਾਂ ਵਿੱਚ ਅਜਿਹਾ ਜਜ਼ਬਾ ਪੈਦਾ ਕਰ ਦਿੱਤਾ ਜਿਸ ਕਾਰਨ ਆਜ਼ਾਦੀ ਦੇ ਘੋਲ ਨੂੰ ਲੰਮੇ ਸਮੇਂ ਤੱਕ ਲਟਕਾਉਣਾ ਮੁਸ਼ਕਲ ਹੋ ਗਿਆ। ਆਪ ਦੀ ਵਿਲੱਖਣ ਬੌਧਿਕਤਾ, ਦ੍ਰਿੜਤਾ, ਨਿਡਰਤਾ, ਕੁਰਬਾਨੀ, ਤਿਆਗ ਅਤੇ ਦੇਸ਼ ਭਗਤੀ ਦੀ ਉਦਾਹਰਨ ਦੁਨੀਆਂ ਦੇ ਇਤਿਹਾਸ ਵਿੱਚ ਲਾਸਾਨੀ ਹੈ।